Weekly

# CANADA SIKH TIMES

24 February- 1 March 2024

ਕੈਨੇਡਾ ਸਿੱਖ ਟਾਈਮਜ਼

Volume 2 Issue 8

RELIGION • CULTURE • HERITAGE • BUSINESS

## Havaldar Varinder Singh develops a ‘Multipurpose Octocopter’



Havaldar Varinder Singh from the Sikh Regiment of the Indian Army developed a ‘Multipurpose Octocopter’ which can not only undertake surveillance operations but can also be used for other tasks like logistics operations, dropping grenades, aerial engagement of targets by firing weapons like AK-47. For his achievements, Varindar Singh has been awarded the Vishisht Seva Medal by the President of India this year. Elaborating on various specialities of the drone, Varinder Singh said that the drone has been designed in a way that it can efficiently carry essential things in huge quantities to distant places. He added that the second speciality of the newly developed device is that it is a weapon of drone.

## ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਹੋਈ ਜਾਰੀ




ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਰੈਂਕਿੰਗ ਸੂਚੀ (ਹੈਨਲੇ ਪਾਸਪੋਰਟ ਇੰਡੈਕਸ 2024) ਜਾਰੀ ਕੀਤੀ ਗਈ ਹੈ। ਹੈਨਲੇ ਪਾਸਪੋਰਟ ਇੰਡੈਕਸ ਦੇਸ਼ਾਂ ਨੂੰ ਉਨ੍ਹਾਂ ਦੇ ਪਾਸਪੋਰਟਾਂ ਦੀ ਤਾਕਤ ਦੇ ਆਧਾਰ ’ਤੇ ਰੈਂਕ ਦਿੰਦਾ ਹੈ। 2024 ਦੀ ਸੂਚੀ ਵਿੱਚ ਫਰਾਂਸ ਸਭ ਤੋਂ ਉੱਪਰ ਹੈ, ਜਿਸ ਦੇ ਪਾਸਪੋਰਟ ਨਾਲ ਕੋਈ ਵੀਜ਼ਾ ਮੁਕਤ 194 ਦੇਸ਼ਾਂ ਦਾ ਦੌਰਾ ਕਰ ਸਕਦਾ ਹੈ। ਫਰਾਂਸ ਦੇ ਨਾਲ-ਨਾਲ ਜਰਮਨੀ, ਇਟਲੀ, ਜਾਪਾਨ, ਸਿੰਗਾਪੁਰ ਅਤੇ ਸਪੇਨ ਵੀ ਹੈਨਲੇ ਪਾਸਪੋਰਟ ਸੂਚਕਾਂਕ ਵਿਚ ਸਿਖਰ ’ਤੇ ਹਨ। ਜ਼ਿਕਰਯੋਗ ਹੈ 151 ਦੇਸ਼ਾਂ ਦੀ ਵੀਜ਼ਾ ਮੁਕਤ ਯਾਤਰਾ ਮੁਹੱਈਆ ਕਰਾਉਂਦਾ ਕੈਨੇਡੀਅਨ ਪਾਸਪੋਰਟ 6ਵੇਂ ਰੈਂਕ ’ਤੇ ਦੇਸ਼ ਦਾ ਨਾਂ ਰੌਸ਼ਨ ਕਰ ਰਿਹਾ ਹੈ। ਇਸ ਦੇ ਨਾਲ ਹੀ ਭਾਰਤ ਪਿਛਲੇ ਸਾਲ ਤੋਂ ਇਕ ਰੈਂਕ ਹੇਠਾਂ (84ਵੇਂ ਤੋਂ 85ਵੇਂ) ਅਤੇ ਪਾਕਿਸਤਾਨ ਪਿਛਲੇ ਸਾਲ ਵਾਂਗ 106ਵੇਂ ਰੈਂਕ ’ਤੇ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਭਾਰਤ ਦੇ ਗੁਆਂਢੀ ਦੇਸ਼ ਮਾਲਦੀਵ ਦਾ ਪਾਸਪੋਰਟ ਮਜ਼ਬੂਤ ਹੈ ਅਤੇ 58ਵੇਂ ਸਥਾਨ ’ਤੇ ਬਣਿਆ ਹੋਇਆ ਹੈ।

## ਗ਼ਮ ਤੋਂ ਨਿਜਾਤ




ਬਸੰਤ ਰੁਤ ਦੇ ਆਗਮਨ ਨਾਲ ਬਨਸਪਤੀ ਉਤੇ ਖੇੜਾ ਤੇ ਬਹਾਰ ਆ ਜਾਂਦੀ ਹੈ। ਗੁਰੂ ਸਾਹਿਬ ਅਕਾਲ ਪੁਰਖ ਦੀ ਕੁਦਰਤ ਵਿਚ ਉਸ ਦੇ ਵਸਣ ਦਾ ਜ਼ਿਕਰ ਕਰਦਿਆਂ ਫੁਰਮਾਉਂਦੇ ਹਨ: ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥ ਇਸਦੇ ਨਾਲ-ਨਾਲ ਬਸੰਤ ਰਾਗ ਦੇ ਵਿਚ ਗੁਰੂ ਸਾਹਿਬ ਤੇ ਭਗਤਾਂ ਨੇ ਬਾਣੀ ਦੀ ਰਚਨਾ ਕਰਦਿਆਂ ਮਨੁੱਖ ਨੂੰ ਸੇਧ ਤੇ ਉਤਸ਼ਾਹ ਦਿੱਤਾ ਹੈ ਕਿ ਹਉਮੈ ਨੂੰ ਤਿਆਗ ਕੇ ਤੂੰ ਵੀ ਪ੍ਰਫੁੱਲਤ ਹੋ: ਦੇਖੁ ਫੂਲ ਫੂਲ ਫੂਲੇ॥ ਅਹੰ ਤਿਆਗਿ ਤਿਆਗੇ॥ ਇਥੇ ਸਮਝਣ ਦੀ ਗਲ ਇਹ ਹੈ ਕਿ ਬਸੰਤ ਰੁਤ ਸਾਰੇ ਸਾਲ ਵਿਚ ਕੁਝ ਸਮੇਂ ਲਈ ਆਉਂਦੀ ਹੈ ਪਰ ਗੁਰਬਾਣੀ ਸਾਨੂੰ ਹਰ ਪਲ ਖੇੜੇ ਵਿਚ ਰਹਿਣ ਦਾ ਢੰਗ ਤੇ ਤਰੀਕਾ ਸਮਝਾ ਰਹੀ ਹੈ। ਰੱਬੀ ਗੁਣਾਂ ਨਾਲ ਸਾਂਝ ਬਣਾ ਕੇ ਮਨੁੱਖ ਗ਼ਮ ਤੋਂ ਨਿਜਾਤ ਪਾਉਣ ਦੇ ਨਾਲ-ਨਾਲ ਹਰ ਵੇਲੇ ਪ੍ਰਸੰਨਤਾ, ਖੇੜੇ ਤੇ ਅਨੰਦ ਵਿਚ ਵਿਚਰ ਸਕਦਾ ਹੈ। ਸੋ ਲੋੜ ਹੈ ਗੁਰਬਾਣੀ ਦੀ ਇਹ ਸੁਹਜਤਾ ਹਰ ਮਨੁੱਖ ਜੀਵਨ ਵਿਚ ਮਾਣੇ ਤੇ ਦੁਨਿਆਵੀ ਕੰਮਾਂ-ਕਾਰਾਂ ਵਿਚ ਰੁੱਝਿਆਂ ਅਤੇ ਜ਼ਿੰਮੇਵਾਰੀਆਂ ਨਿਭਾਉਂਦਿਆਂ ਵੀ ਜੀਵਨ ਵਿਚ ਲਗਾਤਾਰੀ ਬਸੰਤ ਰੁਤ ਦਾ ਅਨੁਭਵ ਕਰੇ।

– ਪੁਸਤਕ **ਆਗਾਹਾ ਕੂ ਤ੍ਰਾਘਿ** ’ਚੋਂ

# DESH VIDESH



## ਹੁਕਮ

- ਮਹਿੰਦਰ ਸਿੰਘ*

ਹੁਕਮ ਇੱਕ ਤਰ੍ਹਾਂ ਦਾ ਆਰਡਰ ਜਾਂ ਨਿਯਮ ਕਾਨੂੰਨ ਹੁੰਦਾ ਹੈ, ਜਿਸ ਨੂੰ ਮਨਨਾ ਲਾਜ਼ਮੀ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ ਸੰਸਾਰ ਨੂੰ ਭਲੀ -ਭਾਂਤੀ ਚਲਾਉਣ ਲਈ ਅਟਲ ਅਤੇ ਅਭੁੱਲ ਨਿਯਮਾਂ ਦੀ ਪ੍ਰਣਾਲੀ ਜਿਸ ਨੂੰ ਸਦੀਵੀ ਇਲਾਹੀ ਕਾਨੂੰਨ ਜਾ ਹੁਕਮ ਕਿਹਾ ਜਾਂਦਾ ਹੈ। ਹੁਕਮ ਯਾ ਕਾਨੂੰਨ ਬਣਾਣ ਵਾਲਾ ਹੁਕਮੀ ਹੁੰਦਾ ਹੈ। ਦੇਸ਼ਾਂ ਨੂੰ ਚਲਾਨ ਲਈ ਹਰ ਦੇਸ਼ ਦੇ ਆਪਣੇ ਨਿਯਮ ਕਾਨੂੰਨ ਅਤੇ ਸੰਵਿਧਾਨ ਹੁੰਦੇ ਹਨ। ਉਸ ਨਿਯਮ-ਕਾਨੂੰਨ ਅਤੇ ਸੰਵਿਧਾਨ ਨੂੰ ਹਰ ਨਾਗਰਿਕ ਨੂੰ ਮੰਨਣਾ ਪੈਂਦਾ ਹੈ। ਪਰ ਸੰਸਾਰ ਜਾਂ ਕਾਇਨਾਤ ਨੂੰ ਚਲਾਨ ਲਈ ਪਰਮੇਸ਼ਰ ਦਾ ਸੱਚਾ ਹੁਕਮ ਏਕਾ ਵਾਰ ਹੀ ਰਚਿਆ ਗਿਆ ਹੈ ਅਤੇ ਇਹ ਇਲਾਹੀ ਹੁਕਮ ਇਤਨਾ ਮੁਕੰਮਲ / ਪਰਫੈਕਟ ਹੈ ਕਿ ਇਸ ਨੂੰ ਬਦਲਣ ਜਾਂ ਇਸ ਵਿੱਚ ਅਮੈਂਡਮੈਂਟ ਕਰਨ ਦੀ ਲੋੜ ਹੀ ਨਹੀਂ ਹੈ। ਇਲਾਹੀ ਹੁਕਮ ਆਦਿ ਤੋਂ ਜੁਗੋ-ਜੁਗ ਅਟਲ ਇਕਸਾਰ ਚੁੱਪ-ਚੁਪਾਤੀ ਵਰਤ ਰਿਹਾ ਹੈ ਤੇ ਵਰਤਦਾ ਰਹੇਗਾ। ਗੁਰਬਾਣੀ ਅਨੁਸਾਰ: "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" (ਅੰਗ 1)

ਯਾਨੀ, ਜਗਤ ਵਿੱਚ ਇਕੋ ਪਰਮਾਤਮਾ ਦਾ ਹੀ ਹੁਕਮ ਚਲ ਰਿਹਾ ਹੈ। ਉਹੀ ਕਰਨ-ਕਰਾਵਨਹਾਰ ਹੈ ਜੋ ਪਰਮਾਤਮਾ ਵੱਲੋਂ ਉਸ ਦੇ ਸਿਰ 'ਤੇ ਲਿਖੀ ਗਈ ਹੈ। ਅਸੀਂ ਅਰਦਾਸ ਦੇ ਬਾਅਦ ਹੁਕਮਨਾਮਾ ਪੜ੍ਹਦੇ ਹਾਂ ਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲਿਆ ਹੋਇਆ ਗੁਰੂ ਦਾ ਹੁਕਮ ਹੁੰਦਾ ਹੈ, ਪਰ ਵਿਰਲੇ ਹੀ ਉਸਨੂੰ ਸਮਝਣ, ਵਿਚਾਰ ਕਰਨ ਅਤੇ ਉਸ 'ਤੇ ਚਲਣ ਦੀ ਕੋਸ਼ਿਸ਼ ਕਰਦੇ ਹਨ। ਜਦਕਿ, ਗੁਰਦੁਆਰਿਆਂ ਵਿੱਚ ਜਾਂ ਜਿੱਥੇ ਵੀ ਹੁਕਮਨਾਮਾ ਲਿਆ ਜਾਂਦਾ ਹੈ ਉਥੇ ਗ੍ਰੰਥੀ ਸਾਹਿਬ ਨੂੰ ਉਸਦੇ ਅਰਥ ਵੀ ਸੰਗਤ ਨੂੰ ਦਸਣੇ ਚਾਹੀਦੇ ਹਨ ਤਾਂ ਕਿ ਸੰਗਤ ਨੂੰ ਉਸ ਹੁਕਮ ਦਾ ਅਰਥ ਸਮਝ ਆ ਸਕੇ ਅਤੇ ਉਸ 'ਤੇ ਚਲਣ ਦੀ ਕੋਸ਼ਿਸ਼ ਕਰ ਸਕਣ। ਗੁਰਬਾਣੀ ਅਨੁਸਾਰ: ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥" (ਅੰਗ 1349) ਯਾਨੀ, ਉਹੀ ਮਨੁੱਖ ਰੱਬ ਦਾ ਬੰਦਾ ਕਿਹਾ ਜਾ ਸਕਦਾ ਹੈ ਜੋ ਉਸਦੀ ਰਜ਼ਾ ਨੂੰ ਪਛਾਣਦਾ ਹੈ।

ਪਰ ਇਨਸਾਨ ਆਪਣੇ ਮੂਲ ਅਕਾਲ ਪੁਰਖ ਅਤੇ ਉਸ ਦੇ ਨਾਲ ਲਿਖੇ ਹੁਕਮ ਨੂੰ ਪਹਿਚਾਨਣ ਦੀ ਬਜਾਏ ਆਪਣੀ ਤੀਖਣ ਬੁੱਧੀ ਦੁਆਰਾ ਮਾਇਆ ਦੀ ਖੋਜ ਵਿੱਚ ਅਤੇ ਉਸਦੇ ਕਰਿਸ਼ਮਿਆ ਦੇ ਵਿੱਚ ਇਤਨਾ ਫੱਸ ਗਿਆ ਹੈ ਕਿ "ਆਪਣੇ ਕਰਤੇ ਪਰਮੇਸ਼ਵਰ" ਅਤੇ ਉਸਦੇ ਹੁਕਮ ਨੂੰ ਉੱਕਾ ਹੀ ਭੁੱਲ ਗਿਆ ਹੈ ਅਤੇ ਤ੍ਰੈ ਗੁਣਾਂ ਦੇ ਕਾਨੂੰਨ (ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥) ਅਨੁਸਾਰ ਅਪਨਾ ਕੀਤਾ ਆਪ ਭੋਗਦਾ ਹੈ ਅਤੇ ਆਪਣਾ ਦੋਸ਼ ਰੱਬ 'ਤੇ ਜਾਂ ਦੁਨੀਆ 'ਤੇ ਲਾਉਂਦਾ ਹੈ। ਮਨੁੱਖ ਨੂੰ ਜਦ ਉਸਦੇ ਮਨ ਮੁਤਾਬਿਕ ਹਰ ਸ਼ੈ ਮਿਲ ਜਾਂਦੀ ਹੈ, ਤਾਂ ਉਹ ਬੜਾ ਖੁਸ਼ ਹੁੰਦਾ ਹੈ, ਪਰ ਜੇਕਰ ਉਸ ਨਾਲ ਕੁਝ ਗਲਤ ਹੁੰਦਾ ਹੈ ਤਾਂ ਉਹ ਸੰਤਾਪ ਅਤੇ ਬਿਲਾਪ ਕਰਦਾ ਹੈ ਜਦ ਕਿ ਉਸਨੂੰ ਖੁਸ਼ੀ-ਗਮ ਨੂੰ, ਗੁਰੂ ਦਾ ਭਾਣਾ ਮੰਨ ਕੇ ਹੁਕਮ ਵਿੱਚ ਰਹਿਣਾ ਚਾਹੀਦਾ ਹੈ।

ਜਦ ਬੱਚਾ ਮਾਂ ਦੀ ਕੁੱਖ ਵਿੱਚ ਨਿੰਮਦਾ ਹੈ ਤਾਂ ਇਲਾਹੀ ਨਾਲ ਲਿਖੇ ਹੁਕਮ ਅਨੁਸਾਰ ਉਸ ਬੱਚੇ ਦੀ ਮਾਂ ਦੇ ਪੇਟ ਵਿੱਚ ਨੌ ਮਹੀਨੇ ਅਨੋਖੇ ਢੰਗ ਨਾਲ ਪਾਲਣਾ ਹੁੰਦੀ ਹੈ। ਬੱਚੇ ਦੀ ਇਸ ਗੁਝੀ ਕਰਾਮਾਤੀ ਪਰਵਰਿਸ਼ ਦੀ ਬਾਬਤ "ਬੱਚੇ ਨੂੰ ਅਤੇ ਮਾਂ ਨੂੰ" ਕੋਈ ਗਿਆਨ ਨਹੀਂ ਹੁੰਦਾ ਨਾ ਹੀ ਕੋਈ ਸਿਆਣਪ ਕੰਮ ਆਉਂਦੀ ਹੈ। ਇਸ ਤਰਾਂ ਬੱਚੇ ਦੇ ਪੇਟ ਵਿੱਚ ☞

☞ ਨਿਮਨ ਤੋਂ ਲੈਕੇ ਉਸਦੇ ਜਨਮ ਦੇ ਬਾਅਦ ਵੀ ਮਾਂ ਦੇ ਹਿਰਦੇ ਵਿੱਚ ਬੱਚੇ ਲਈ ਜੋ ਪਿਆਰ ਜਾਂ ਮੋਹ ਹੁੰਦਾ ਹੈ ਉਹ ਵੀ ਅਕਾਲ ਪੁਰਖ ਦਾ ਉਸ ਨਵੇਂ ਜਨਮੇ ਬੱਚੇ ਲਈ, ਹੁਕਮ ਰੂਪ ਵਿੱਚ ਇਲਾਹੀ ਪਿਆਰ ਦਾ ਹੀ ਪ੍ਰਕਾਸ਼ ਪ੍ਰਗਟਾਵਾ ਅਤੇ ਪ੍ਰਤਿਬਿੰਬ ਹੁੰਦਾ ਹੈ।

ਸਾਡੇ ਸਰੀਰ ਦੇ ਅੰਦਰ ਅਨੇਕਾਂ ਅੰਗ (ਓਰਗੰਸ) ਹਨ। ਜਿਸ ਤਰ੍ਹਾਂ ਅੱਖਾਂ, ਕੰਨ, ਨੱਕ, ਜੀਭ, ਨਾੜੀਆਂ, ਨਸਾਂ ਆਦਿ ਸਾਰੇ ਹਿੱਸੇ ਇਕ ਦੂਜੇ ਨਾਲ ਸਬੰਧਤ ਆਸਰੇ ਅਤੇ ਮਿਲਵਰਤਨ ਨਾਲ ਦਿਨ-ਰਾਤ ਅਣਜਾਨੇ, ਅਭੋਲ ਸਹਜ-ਸੁਭਾਏ ਕਿਸੇ ਮੁਕੰਮਲ, ਅਬੋਲ, ਅਲੱਖ ਇਲਾਹੀ ਹੁਕਮ ਦੀ ਰਵਾਨਗੀ ਵਿੱਚ ਆਦਿ੍ਸ਼ ਹੀ ਕੰਮ ਕਰ ਰਹੇ ਹਨ, ਜਿਸ ਤੋਂ ਅਸੀਂ ਅਗਜਾਨ, ਬੇਖਬਰ ਅਤੇ ਬੇ-ਪਰਵਾਹ ਹਾਂ। ਇਸ ਬਾਬਤ ਗੁਰਬਾਣੀ ਕਹਿੰਦੀ ਹੈ: "ਏਕੋ ਹੁਕਮੁ ਵਰਤੈ ਸਭ ਲੋਈ॥ ਏਕਸੁ ਤੇ ਸਭ ਓਪਤਿ ਹੋਈ॥" (ਅੰਗ 223) ਐਸੇ ਇਲਾਹੀ ਹੁਕਮ ਦੀ ਖਿੱਚ ਨੂੰ ਹੀ ਨਾਮ ਜਾਂ ਸ਼ਬਦ ਕਿਹਾ ਗਿਆ ਹੈ। ਗੁਰਬਾਣੀ ਵਿੱਚ: "ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥" (ਅੰਗ 827)

ਇਸ ਨਾਮ ਜਾ ਸ਼ਬਦ ਦੀ ਸਹਜ ਚਾਲ ਨੂੰ ਹੀ ਹੁਕਮ ਕਿਹਾ ਗਿਆ ਹੈ, ਜੋ ਸੰਸਾਰ ਦੇ ਜ਼ੱਰੇ-ਜ਼ੱਰੇ ਵਿੱਚ "ਜੀਵਨ- ਰੌ" ਦੇ ਰੂਪ ਵਿੱਚ ਸਦੀਵੀ ਵੱਗ ਰਹਾ ਹੈ ਅਤੇ ਸੰਸਾਰ ਨੂੰ ਕਾਇਮ-ਦਾਯਮ ਸਹਿਜ ਚਾਲ ਵਿੱਚ ਚਾਲੂ ਰੱਖਦਾ ਹੈ। ਸੰਗਤ ਜੀ, ਗੁਰੂ ਦਾ ਹੁਕਮ ਅਪਾਰ ਹੈ, ਇਸ ਦੇ ਭਾਣੇ ਜੋ ਚਲਦਾ ਹੈ ਉਹ ਚੋਟਾਂ ਨਹੀਂ ਖਾਂਦਾ। ਪਰ ਅਸੀਂ ਅੰਤਰਆਤਮੇ ਨਾਲ ਲਿਖੀ ਇਲਾਹੀ ਹੁਕਮ ਨੂੰ ਗਲਤ ਸਮਝੀ ਬੈਠੇ ਹਾਂ ਅਤੇ ਦਿਮਾਗੀ ਗਿਆਨ ਦੇ ਭਰਮ-ਭੁਲਾਵੇ ਵਿੱਚ ਠੋਕਰਾਂ ਖਾਂਦੇ ਹਾਂ।

**ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ॥**
**ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ॥** (ਅੰਗ 396)

* ਰਾਂਚੀ, ਝਾਰਖੰਡ, ਭਾਰਤ, ਫੋਨ: 9934785854



## ਆਲਸ

- ਸਰੋਜ ਕੌਰ, ਨਵੀਂ ਦਿੱਲੀ

ਅੱਜ ਅਸੀਂ ਆਲਸ ਬਾਰੇ ਗੱਲ ਕਰਾਂਗੇ। ਅੱਜ ਆਲਸ ਨੇ ਸਾਰੀ ਦੁਨੀਆਂ ਦੇ ਵਿਚ ਕੋਹਰਾਮ ਮਚਾ ਰੱਖਿਆ ਹੈ। ਕਿਧਰੇ ਨਾ ਕਿਧਰੇ ਸਮਾਰਟਫੋਨਸ ਅੱਜ ਆਲਸ ਦੇ ਬਹੁਤ ਵੱਡੇ ਸਾਥੀ ਬਣੇ ਹੋਏ ਹਨ। ਇਕ ਤਿਹਾਈ ਦੇ ਕਰੀਬ ਲੋਕ ਆਲਸ ਦੀ ਚਪੇਟ ਵਿਚ ਆ ਚੁੱਕੇ ਨੇ। ਆਲਸ ਸਾਰੀਆਂ ਭੈੜੀਆਂ ਆਦਤਾਂ ਸੋਚਾਂ ਅਤੇ ਅਸਫਲਤਾਵਾਂ ਦੀ ਮਾਂ ਹੁੰਦੀ ਹੈ। ਪਰ ਆਲਸੀ ਲੋਕ ਤਾਂ ਇਸ ਦਾ ਬਹੁਤ ਸਨਮਾਨ ਕਰਦੇ ਹਨ। ਵੈਸੇ ਆਲਸ ਬਹੁਤ ਹੀ ਖਤਰਨਾਕ ਹੁੰਦਾ ਜਾ ਰਿਹਾ ਹੈ। ਇਹ ਸਾਡੀ ਸਫ਼ਲਤਾਵਾਂ ਨੂੰ ਨਿਗਲਦਾ ਜਾ ਰਿਹਾ ਹੈ। ਇਸ ਤੋਂ ਉਲਟ; ਪਰ ਆਲਸੀ ਲੋਕਾਂ ਨੂੰ ਇਹ ਬਹੁਤ ਪਿਆਰੀ ਲੱਗਦੀ ਹੈ। ਉਹਨਾਂ ਨੂੰ ਇਹ ਆਪਣੀ ਮਿੱਤਰ ਜਾਪਦੀ ਹੈ। ਇਸ ਕਰਕੇ ਉਹ ਸਾਰੇ ਕੰਮਾਂ ਵਿਚ ਅਸਫਲ ਹੋ ਜਾਂਦੇ ਹਨ। ਚੰਗੀ ਸੋਚ ਤੇ ਚੰਗੀ ਆਦਤ ਰੱਖਣ ਵਾਲੇ ਫੁਰਤੀਲੇ ਮਨੁੱਖ ਇਸ ਨੂੰ ਆਪਣੇ ਨੇੜੇ ਵੀ ਨਹੀਂ ਫਟਕਣ ਦਿੰਦੇ। ਉਹ ਪਰਮਾਤਮਾ ਦੀ ਕਿਰਪਾ ਦੇ ਨਾਲ ਤੇ ਆਪਣੇ ਹੁਨਰ ਦੇ ਨਾਲ ਅੱਗੇ ਵਧ ਜਾਂਦੇ ਹਨ। ਤੇ ਆਲਸ ਤੋਂ ਸਾਨੂੰ ਬਹੁਤ ਸਾਵਧਾਨ ਰਹਿਣ ਦੀ ਲੋੜ ਹੈ। ਤਾਂ ਹੀ ਅਸੀਂ ਆਪਣੇ ਜੀਵਨ ਦੇ ਵਿੱਚ ਅੱਗੇ ਵੱਧ ਸਕਦੇ ਹਾਂ।

# HERITAGE

## ਗੁਰਮਤਿ ਵਿੱਚ ਰਾਮ ਦਾ ਸੰਕਲਪ ਵਿਸ਼ੇ ’ਤੇ ਚਰਚਾ




18 ਫਰਵਰੀ 2024 ਨੂੰ ਅਕਾਲੀ ਫੂਲਾ ਸਿੰਘ ਸਟੱਡੀ ਸਰਕਲ ਵਲੋਂ ਗੁਰੂ ਨਾਨਕ ਲਾਇਬ੍ਰੇਰੀ, ਰਜਿੰਦਰ ਨਗਰ, ਨਵੀਂ ਦਿੱਲੀ ਵਿਖੇ ਪਲੇਠੀ ਗੁਰਮਤਿ ਵਿਚਾਰ ਗੋਸ਼ਟੀ, ਭਾਈ ਈਸ਼ਰ ਸਿੰਘ ਵਲੋਂ ਕੀਤੀ ਅਰਦਾਸ ਨਾਲ ਆਰੰਭ ਹੋਈ। ਵਿਸ਼ਾ ਸੀ ਗੁਰਮਤਿ ਵਿੱਚ ‘ਰਾਮ’ ਦਾ ਸੰਕਲਪ ਅਤੇ ਬੁਲਾਰੇ ਸਨ ਵੀਰ ਚਰਨਜੀਤ ਸਿੰਘ।

ਵੀਰ ਚਰਨਜੀਤ ਸਿੰਘ ਨੇ ਸੋਸ਼ਲ ਮੀਡੀਆ ਵਿੱਚ ਫੈਲਾਏ ਜਾ ਰਹੇ ਪ੍ਰਾਪੇਗੰਡਾ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਏ ‘ਰਾਮ’ ਦਾ ਸੰਬੰਧ ‘ਰਾਮਚੰਦਰ’ ਦੇ ਨਾਲ ਹੈ; ਨੂੰ ਨਕਾਰਦਿਆਂ ਵਿਸਤਾਰ ਨਾਲ ਗੁਰਬਾਣੀ ਤੁਕਾਂ ਦਾ ਉਦਾਹਰਣ ਦੇ ਕੇ ਸਮਝਾਇਆ ਕਿ ਗੁਰਬਾਣੀ ਵਿੱਚ ਆਇਆ ‘ਰਾਮ’, ਜ਼ਰੇ ਜ਼ਰੇ ਵਿੱਚ ਰੱਮੇ ਹੋਏ, ਪ੍ਰਮਾਤਮਾ ਦੇ ਸੰਦਰਭ ਵਿੱਚ ਆਇਆ ਹੈ, ਜੋ ਨਾ ਜਨਮ ਲੈਂਦਾ ਹੈ ਨਾ ਹੀ ਬਿਨਸਦਾ ਹੈ। ਉਨ੍ਹਾਂ ਇਹ ਵੀ ਦਸਿਆ ਕਿ ਗੁਰਮਤਿ ਦਾ ਸਿਧਾਂਤ ਇਕ ਵਿਲੱਖਣ ਸਿਧਾਂਤ ਹੈ, ਜਿਸਦਾ ਹੋਰ ਧਰਮਾਂ ਦੇ ਪ੍ਰਚਲਿਤ ਵਿਸ਼ਵਾਸ਼ਾਂ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੈ।

ਗੁਰਮਤਿ ਕਾਲਜ ਦੇ ਸਾਬਕਾ ਚੈਅਰਮੈਨ ਡਾ. ਹਰਿੰਦਰਪਾਲ ਸਿੰਘ ਨੇ ਪ੍ਰਧਾਨਗੀ ਭਾਸ਼ਣ ਵਿੱਚ ਇਸੇ ਵਿਚਾਰ ਨੂੰ ਅਗੇ ਤੋਰਦਿਆਂ ਵਿਸਤਾਰ ਨਾਲ ਗੁਰਬਾਣੀ ਵਿੱਚ ਆਏ ‘ਰਾਮ’ ਅਤੇ ਰਾਮਾਇਣ ਦੇ ‘ਰਾਮਚੰਦਰ’ ਵਿੱਚ ਸਿਧਾਂਤਕ ਭਿੰਨਤਾ ਦਰਸਾਈ। ਇਸ ਮੌਕੇ ਖਾਲਸਾ ਕਾਲਜ ਦੇ ਰਿਟਾ. ਪ੍ਰੋ ਹਰਮਿੰਦਰ ਸਿੰਘ ਅਤੇ ਸ. ਮਹਿੰਦਰਪਾਲ ਸਿੰਘ ਨੇ ਵੀ ਇਸੇ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਸਟਡੀ ਸਰਕਲ ਵਲੋਂ ਡਾ. ਹਰਮੀਤ ਸਿੰਘ (ਰਿਟਾ. ਪ੍ਰਿੰਸੀਪਲ ਖਾਲਸਾ ਕਾਲਜ) ਨੇ ਆਈ ਸੰਗਤ ਦਾ ਧੰਨਵਾਦ ਕੀਤਾ ਅਤੇ ਵੀਰ ਚਰਨਜੀਤ ਸਿੰਘ ਤੇ ਡਾ. ਹਰਿੰਦਰਪਾਲ ਸਿੰਘ ਨੂੰ ਡਾ. ਹਰਜਿੰਦਰ ਸਿੰਘ ਲਿਖਿਤ ਪੁਸਤਕ ‘ਆਗਾਹਾ ਕੂ ਤ੍ਰਾਘਿ’ ਨਾਲ ਨਿਵਾਜਿਆ। ਅਕਾਲੀ ਫੂਲਾ ਸਿੰਘ ਸਟੱਡੀ ਸਰਕਲ ਵਲੋਂ ਅਗਲੀ ਵਿਚਾਰ ਗੋਸ਼ਟੀ 3 ਮਾਰਚ 2024 ਨੂੰ ਇਸੇ ਸਥਾਨ ’ਤੇ ਹੋਵੇਗੀ, ਜਿਸ ਵਿੱਚ ਵੀਰ ਭੁਪਿੰਦਰ ਸਿੰਘ (USA) ਆਪਣੇ ਵਿਚਾਰ ਰੱਖਣਗੇ।




## Harmilan Kaur Bains won Gold at Asian Indoor Athletics Championships 2024



In the vibrant tapestry of Indian athletics, one name shines bright - Harmilan Kaur Bains. Hailing from the heartland of Punjab, Bains has etched her mark on the track with a blend of talent, perseverance, and unwavering dedication. From her stellar performances on the international stage to rewriting national records, Bains’ journey is a testament to sheer grit and innate skill. Join us as we unravel the remarkable story of this rising star, whose journey from the lanes of Punjab to the podiums of Asian athletics continues to inspire and captivate.

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਭਾਈ ਲੱਖੀ ਸ਼ਾਹ ਵਣਜਾਰਾ ਕੋਲ ਦਿੱਲੀ ਵਿਚ ਕਿਹੜੇ ਪਿੰਡਾਂ ਦੀ ਮਲਕੀਅਤ ਸੀ?**

a. ਰਾਇਸਿਨਾ ਹਿਲਸ ਤੇ ਮਾਲਚਾ ਹਿਲਸ
b. ਬਾਰਾਖੰਭਾ
c. ਨਰੇਲਾ
d. ਇਹ ਸਾਰੇ ਹੀ

**2. ਗੁਰਬਾਣੀ ਦੇ ਚਾਨਣ ਵਿਚ ਅਮ੍ਰਿਤ ਦੇ ਕੀ ਅਰਥ ਹਨ?**

a. ਪ੍ਰਭੂ ਦਾ ਨਾਮ
b. ਰਬੀ ਗੁਣ
c. ਕੋਈ ਖਾਸ ਜਲ
d. A ਅਤੇ B ਦੋਵੇਂ

**3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੋ ਦਰੁ ਅੱਤੇ ਸੋ ਪੁਰਖੁ ਸਿਰਲੇਖਾਂ ਹੇਠ ਕਿੰਨੇ ਕਿੰਨੇ ਸ਼ਬਦ ਦਰਜ ਹਨ?**

a. ਪੰਜ-ਚਾਰ
b. ਇਕ-ਪੰਜ
c. ਪੰਜ-ਇਕ
d. ਚਾਰ-ਪੰਜ

**4. ਗੁਰੂ ਸਾਹਿਬਾਨ ਵਲੋਂ ਗੁਰਗਦੀ ਦੀ ਜ਼ਿੰਮੇਵਾਰੀ ਸੌਂਪਣ ਵਾਲੇ ਇਹਨਾਂ ਵਿਚੋਂ ਕਿਹੜੀ ਰਸਮ ਨਿਭਾਈ ਗਈ?**

a. ਪੰਜ ਪੈਸੇ ਤੇ ਨਾਰੀਅਲ
b. ਅਰਦਾਸ
c. ਦਸਤਾਰ ਭੇਟ
d. B ਅਤੇ C ਦੋਵੇਂ

(ਦੇਖੋ ਉੱਤਰ ਪੰਨਾ 4 ’ਤੇ)

## CAREER COUNSELLING

### *Few tips to become Good Team Leader*



Narinder Pal Singh

True Leaders are brave enough to challenge the status quo and break the rules when necessary. They are the ones who see the big picture and understand that the rules are just guidelines, not hard and fast laws.

Few instances when leaders should consider breaking the rules:

**When Innovation Calls:** Rules can stifle creativity and progress. Break them when a groundbreaking idea needs room to breathe.

**Empowering Your Team:** Sometimes, empowering your team means allowing them to challenge norms and chart their own course. This nourish a culture of innovation and risk-taking.

**Adapt To Change:** In a rapidly evolving world, sticking rigidly to rules may obstruct necessary adaptations. Flexibility is key for survival and growth.

**Customer Centric Approach:** Rules may not always align with the best interests of your customers. Flexibility here can lead to superior customer experiences and loyalty.

**Ethical Dilemmas:** At times, rules clash with ethical principles. Breaking them might be the only path to uphold what is morally right.

ALWAYS REMEMBER, LEADERS ARE ARCHITECTS OF PROGRESS AND CHANGE




## 'Miss World' ਦੀ ਨੁਮਾਇੰਦਗੀ ਲਈ ਨਿਊਜ਼ੀਲੈਂਡ ਵੱਲੋਂ ਭਾਰਤ ਪਹੁੰਚੀ ਸਿੱਖ ਮੁਟਿਆਰ



30 ਸਾਲ ਬਾਅਦ ਇੱਕ ਵਾਰ ਮੁੜ ਤੋਂ 'ਮਿਸ ਵਰਲਡ' (Miss World) ਭਾਰਤ ਵਿੱਚ ਹੋ ਰਿਹਾ ਹੈ। ਮਾਣ ਦੀ ਗੱਲ ਇਹ ਹੈ ਕਿ ਨਿਊਜ਼ੀਲੈਂਡ ਵੱਲੋਂ ਇਸ ਪ੍ਰਤਿਯੋਗਤਾ ਦੀ ਨੁਮਾਇੰਦਗੀ ਲਈ ਸਿੱਖ ਕੁੜੀ 'ਨਵਜੋਤ ਕੌਰ' ਨੂੰ ਚੁਣ ਕੇ ਭਾਰਤ ਭੇਜਿਆ ਗਿਆ ਹੈ। ਨਵਜੋਤ ਕੌਰ ਦੀ ਉਮਰ 27 ਸਾਲ ਹੈ। ਪਿਛਲੇ ਹਫਤੇ ਹੀ ਨਵਜੋਤ ਦੀ ਨਿਊਜ਼ੀਲੈਂਡ ਵਿੱਚ ਚੋਣ ਹੋਈ ਸੀ, ਉਨ੍ਹਾਂ ਦੀ ਭੈਣ ਇਸ਼ਾ ਵੀ ਇਸ ਮੁਕਾਬਲੇ ਵਿੱਚ ਹਿੱਸਾ ਲੈ ਰਹੀ ਸੀ। ਨਵਜੋਤ ਦਾ ਪਰਿਵਾਰ 90 ਦੇ ਦਹਾਕੇ ਵਿੱਚ ਪੰਜਾਬ ਤੋਂ ਨਿਊਜ਼ੀਲੈਂਡ ਚੱਲਾ ਗਿਆ ਸੀ। ਪਰਿਵਾਰ ਮੁਤਾਬਿਕ ਧੀ 2 ਸਾਲ ਤੋਂ ਇਸ ਦੀ ਤਿਆਰੀ ਕਰ ਰਹੀ ਸੀ। 71ਵੀਂ ਮਿਸ ਵਰਲਡ ਦੀ ਚੋਣ ਲਈ 18 ਫਰਵਰੀ ਤੋਂ 9 ਮਾਰਚ ਤੱਕ ਦਿੱਲੀ, ਮੁੰਬਈ ਵਿੱਚ ਕੰਪੀਟੀਸ਼ਨ ਦੇ ਲਈ ਰਾਉਂਡ ਹੋਣਗੇ। 9 ਮਾਰਚ ਨੂੰ ਮੁੰਬਈ ਵਿੱਚ ਗਰੈਂਡ ਫਾਇਨਲ ਹੋਵੇਗਾ। ਮਿਸ ਵਰਲਡ ਵਿੱਚ ਇਸ ਵਾਰ 120 ਦੇਸ਼ਾਂ ਦੀਆਂ ਕੁੜੀਆਂ ਹਿੱਸਾ ਲੈ ਰਹੀਆਂ ਹਨ। ਇਸ ਤੋਂ ਪਹਿਲਾਂ 2021 ਵਿੱਚ ਮੁਹਾਲੀ ਦੀ ਜੰਮਪਲ ਮਿਸ ਇੰਡੀਆ ਹਰਨਾਜ਼ ਕੌਰ ਸੰਧੂ ਨੇ ਮਿਸ ਯੂਨੀਵਰਸ ਦਾ ਖਿਤਾਬ ਜਿੱਤਿਆਂ ਸੀ। ਉਹ ਭਾਰਤ ਵੱਲੋਂ ਤੀਜੀ ਪ੍ਰਤਿਭਾਗੀ ਸੀ ਜਿਸ ਨੇ ਮਿਸ ਯੂਨੀਵਰਸ ਆਪਣੀ ਝੋਲੀ ਪਾਇਆ ਸੀ।

## SIKH MATRIMONIALS

Gursikh Boy 31years/5'5"/BSc Computer Science/ Working with Air Canada/ Canadian Citizen/ Contact+91 88511 85049

Gursikh girl 28/5'7"/MBA/PGD NIAGARA COLLEGE, TORONTO/Working on Study Permit/ Contact+91 99888 76028

Required Gursikh Tee Totller boy for Khatri divorcee girl 1984/5'-4"/M.A B.ed/ Teacher having son 14 yrs 8307633828

Gursikh BDS girl doing job as Dental Surgeon 24/ 4'9" seeking match from Abroad/ India. Elder sister married in USA. Contact Mother +91 7404161609

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. A 4. D

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Harman Singh (Canada)



email: canadasikhtimes@gmail.com, M: +1 437 673 7555